ਗੁਰੂ ਅਮਰਦਾਸ ਜੀ

ਸ਼੍ਰੀ ਗੁਰੂ ਅਮਰਦਾਸ ਜੀ ਸਿੱਖਾਂ ਦੇ ਤੀਜੇ ਗੁਰੂ ਹਨ। ਸਿੱਖ ਜਗਤ ਵਿੱਚ ਆਪ ਨੇ ਸਿੱਖੀ ਦੇ ਪ੍ਰਚਾਰ/ ਪ੍ਰਸਾਰ ਦੇ ਨਾਲ ਨਾਲ ਪੰਗਤ ਵਿੱਚ ਬੈਠ ਕੇ ਭੋਜਨ(ਗੁਰੂ ਕਾ ਲੰਗਰ) ਛਕਣ ਦੀ ਪ੍ਰੰਪਰਾ ਨੂੰ ਸਥਾਪਿਤ ਕਰਨ ਵਿੱਚ ਸ਼ਲਾਘਾ ਯੋਗ ਕਾਰਜ ਕੀਤਾ।

ਸ਼੍ਰੀ ਗੁਰੂ ਅਮਰਦਾਸ ਜੀ ਦਾ ਜਨਮ 1479 ਈ. ਵਿੱਚ ਪਿੰਡ ਬਾਸਰਕੇ, ਜਿਲ੍ਹਾ ਅੰਮ੍ਰਿਤਸਰ ਵਿਖੇ ਤੇਜਭਾਨ ਭੱਲਾ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦੀ ਮਾਤਾ ਦਾ ਨਾਂ ਸੁਲੱਖਣੀ ਜੀ ਸੀ। ਗੁਰ-ਗੱਦੀ ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਆਪ ਦਾ ਝੁਕਾਅ ਪ੍ਰਮਾਤਮਾ ਦੀ ਭਗਤੀ ਵੱਲ ਸੀ। ਆਪ ਦੀ ਨਿਮਰਤਾ ਅਤੇ ਸੇਵਾ ਉੱਪਰ ਖੁਸ਼ ਹੋ ਕੇ ਗੁਰੂ ਅੰਗਦ ਦੇਵ ਜੀ ਨੇ ਆਪ ਦੀ ਨਿਮਰਤਾ ਅਤੇ ਸੇਵਾ ਤੋ ਖੁਸ਼ ਹੋ ਕੇ ਗੁਰਗੱਦੀ ਬਖ਼ਸ਼ ਦਿੱਤੀ। ਉਸ ਸਮੇਂ ਆਪ ਦੀ ਉਮਰ 84 ਵਰ੍ਹਿਆਂ ਦੀ ਸੀ। ਆਪ ਦੁਆਰਾ ਵਸਾਏ ਗਏ ਗੋਇੰਦਵਾਲ ਨਗਰ ਦੀ ਅੱਜ ਵੀ ਪੂਰੀ ਮਹਿਮਾ ਹੈ। 1574 ਈ. ਨੂੰ ਆਪ ਜੋਤੀ ਜੋਤ ਸਮਾ ਗਏ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਦੀ 17 ਰਾਗਾਂ ਵਿੱਚ ਬਾਣੀ ਉਪਲਬਧ ਹੈ। ਆਪ ਨੇ ਵਾਰਾਂ,ਸ਼ਬਦ, ਸ਼ਲੋਕ, ਚੌਪਦੇ, ਛੇ-ਪਦੇ, ਛੰਤ, ਸਤਵਾਰਾ ਆਦਿ ਕਾਵਿ ਰੂਪਾਂ ਵਿੱਚ ਰਚਨਾ ਕੀਤੀ। ਆਪ ਦੁਆਰਾ ਰਚਿਤ 'ਅਨੰਦ ਸਾਹਿਬ' ਦੀ ਬਾਣੀ ਨੂੰ ਗੁਰਮਤਿ ਕਾਵਿ ਵਿੱਚ ਸ਼੍ਰੋਮਣੀ ਸਥਾਨ ਹਾਸਿਲ ਹੈ। ਆਪ ਦੀ ਬਾਣੀ ਦੀ ਭਾਸ਼ਾ ਸਰਲ ਪੰਜਾਬੀ ਵਿੱਚ ਹੈ। ਗੁਰੂ ਜੀ ਨੇ ਲੋਕ -ਧੁਨੀਆਂ ਤੇ ਲੋਕ-ਛੰਦਾਂ ਨੂੰ ਉਚੇਚਾ ਮਹੱਤਵ ਦਿੱਤਾ। ਆਪ ਦੀ ਰਚਨਾ ਵਿੱਚੋ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਦਾ ਸੰਦੇਸ਼ ਮਿਲਦਾ ਹੈ। ਇਸ ਪਾਠ-ਪੁਸਤਕ ਵਿੱਚ ਉਹਨਾਂ ਦੀ ਬਾਣੀ ਦੇ ਕੁਝ ਅੰਸ਼ ਸ਼ਾਮਿਲ ਕੀਤੇ ਜਾ ਰਹੇ ਹਨ।

ਮਨ ਤੂੰ ਜੋਤਿ ਸਰੂਪੁ ਹੈ

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥

ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥

ਮੂਲ ਪਛਾਣਹਿ ਤਾ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥

ਗੁਰ ਪਰਸਾਦੀ ਏਕੋ ਜਾਣਹਿ ਤਾ ਦੂਜਾ ਭਾਉ ਨ ਹੋਈ ॥

ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥

ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥

(ਮੂਲੁ- ਅਸਲਾ, ਗੁਰਮਤੀ- ਗੁਰੂ ਦੀ ਮਤ ਲੈ ਕੇ, ਸਹੁ- ਖਸਮ, ਰੰਗੁ- ਆਤਮਕ ਆਨੰਦ, ਵਜੀ ਵਧਾਈ- ਚੜ੍ਹਦੀ ਕਲਾ, ਜੋਤਿ ਸਰੂਪੁ- ਪ੍ਰਮਾਤਮਾ ਦਾ ਅੰਸ਼, ਪਛਾਣੁ- ਪਰਖ ਕਰ)

ਸਤੀਆ ਏਹਿ ਨ ਆਖੀਅਨਿ

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍ ॥

ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍ ॥

ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ੍ ॥

ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ੍ ॥

ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ ॥

ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ ॥

ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ ॥

ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ ॥

(ਮੜਿਆ- ਲੋਥ/ਲਾਸ਼, ਸਤੀ- ਉਹ ਇਸਤਰੀ ਜੋ ਆਪਣੇ ਪਤੀ ਦੇ ਮਰਨ 'ਤੇ ਉਸ ਦੇ ਨਾਲ ਹੀ ਚਿਖਾ ਵਿਚ ਸੜ ਮਰਦੀ ਸੀ, ਸਮ੍ਾਲੰਨਿ੍- ਚੇਤੇ ਰੱਖਣ, ਬਿਰਹਾ- ਵਿਛੋੜਾ, ਮਹੇਲੀਆਂ- ਇਸਤਰੀਆਂ, ਸੀਲ- ਸੁੱਚਾ ਆਚਰਨ, ਸੇਵਨਿ- ਸੇਵਾ ਕਰਦੀਆਂ ਹਨ)

ਜਗਤੁ ਜਲੰਦਾ ਰਖਿ ਲੈ

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥

ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥

ਸਤਿਗੁਰਿ ਸੁਖੁ ਵੇਖਾਲਿਆ ਸਚਾ ਸ਼ਬਦੁ ਬੀਚਾਰਿ ॥

ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥

(ਜਲੰਦਾ- ਸੜਦਾ, ਉਬਰੈ- ਬਚ ਸਕੇ, ਤਿਤੈ- ਉਸੇ ਤਰ੍ਹਾਂ ਹੀ, ਸੁਖੁ- ਆਤਮਕ ਆਨੰਦ, ਬੀਚਾਰਿ- ਵਿਚਾਰ ਕੇ , ਅਵਰੁ- ਕੋਈ ਹੋਰ, ਸੁਝਈ- ਨਹੀਂ ਸੁੱਝਦਾ)

ਏ ਸਰੀਰਾ ਮੇਰਿਆ

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥

ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥

ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥

ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥

ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥

(ਜੀਉ- ਜੀਵ, ਉਪਾਇ- ਪੈਦਾ ਕਰ ਕੇ, ਬੁਝਿਆ- ਸਮਝਿਆ, ਚਲਤੁ ਹੋਇਆ- ਖੇਡ ਹੋਈ/ਤਮਾਸ਼ਾ, ਮੂਲੁ ਰਚਿਆ- ਮੁੱਢ ਬੱਧਾ)

ਅਭਿਆਸ-ਪ੍ਰਸ਼ਨ

1. ਹੇਠ ਲਿਖੀਆਂ ਕਾਵਿ-ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥
ਮੂਲੁ ਪਛਾਣਹਿ ਤਾ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥
ਗੁਰ ਪਰਸਾਦੀ ਏਕੋ ਜਾਣਹਿ ਤਾ ਦੂਜਾ ਭਾਉ ਨ ਹੋਈ ॥

(ਅ) ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ ॥
ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ ॥
ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ ॥
ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ ॥

2. 'ਮਨ ਤੂੰ ਜੋਤਿ ਸਰੂਪੁ ਹੈ' ਸ਼ਬਦ ਦਾ ਕੇਂਦਰੀ ਭਾਵ ਲਿਖੋ।

3. ਗੁਰੂ ਜੀ ਅਨੁਸਾਰ ਅਸਲ ਸਤੀ ਇਸਤਰੀਆਂ ਕਿੰਨ੍ਹਾਂ ਨੂੰ ਆਖਿਆ ਜਾ ਸਕਦਾ ਹੈ ?

4. 'ਜਗਤੁ ਜਲੰਦਾ ਰਖਿ ਲੈ' ਸ਼ਬਦ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

5. 'ਏ ਸਰੀਰਾ ਮੇਰਿਆ' ਸ਼ਬਦ ਵਿੱਚ ਗੁਰੂ ਜੀ ਮਨੁੱਖ ਨੂੰ ਕਿਹੋ ਜਿਹਾ ਬਣਨ ਲਈ ਪ੍ਰੇਰਦੇ ਹਨ ?

6. 'ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ' ਤੁਕ ਤੋਂ ਕੀ ਭਾਵ ਹੈ ?